a2zpapers.com

Roll No. ..................

Total No. of Questions : 26]

**030**

[Total No. of Printed Pages : 20

**SS**

**2067**

ਸਲਾਨਾ ਪਰੀਖਿਆ ਪ੍ਰਨਾਲੀ

# BOOK-KEEPING AND ACCOUNTANCY

**(Humanities Group)**

**(Punjabi, Hindi and English Versions)**

**(Evening Session)**

www.a2zpapers.com

Time allowed : Three hours

Maximum marks : 90

**(Punjabi Version)**

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲ਼ੇ ਖ਼ਾਨੇ ਵਿੱਚ ਵਿਸ਼ਾ-ਕੋਡ/ਪੇਪਰ-ਕੋਡ **030** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(iv) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਹਰ ਪ੍ਰਸ਼ਨ ਦੇ ਅੰਕ ਉਸਦੇ ਸਾਹਮਣੇ ਲਿਖੇ ਹਨ ।

(vi) ਪ੍ਰੋਗਰਾਮਾਂ ਤੋਂ ਬਿਨਾਂ ਸਾਧਾਰਣ ਗਣਨਯੰਤਰ ਵਰਤਣ ਦੀ ਆਗਿਆ ਹੈ । ਵਿਦਿਆਰਥੀ ਆਪਣਾ ਗਣਨਯੰਤਰ ਪਰੀਖਿਆ ਭਵਨ ਵਿੱਚ ਲਿਆਉਣ । ਉਨ੍ਹਾਂ ਨੂੰ ਇਸ ਦੀ ਇੱਕ-ਦੂਜੇ ਤੋਂ ਮੰਗਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ ।

(vii) ਪ੍ਰਸ਼ਨ-ਪੇਪਰ ਨੂੰ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ (ਭਾਗ–ੳ, ਭਾਗ–ਅ, ਭਾਗ–ੲ ਅਤੇ ਭਾਗ–ਸ) ।

(viii) 1 ਅੰਕ ਵਾਲੇ ਪ੍ਰਸ਼ਨਾਂ ਦੇ ਉੱਤਰ 1-15 ਸ਼ਬਦਾਂ ਵਿੱਚ ਲਿਖੋ । 2 ਅੰਕਾਂ ਵਾਲੇ ਪ੍ਰਸ਼ਨਾਂ ਦੇ ਉੱਤਰ 5-10 ਲਾਈਨਾਂ ਵਿੱਚ ਲਿਖੋ । 4 ਅੰਕਾਂ ਵਾਲੇ ਪ੍ਰਸ਼ਨਾਂ ਦੇ ਉੱਤਰ 15-20 ਲਾਈਨਾਂ ਵਿੱਚ ਲਿਖੋ । 6 ਅੰਕਾਂ ਵਾਲੇ ਪ੍ਰਸ਼ਨਾਂ ਦੇ ਉੱਤਰ 3-5 ਪੰਨਿਆਂ ਵਿੱਚ ਲਿਖੋ ।

## ਭਾਗ–ੳ

1. (i) ਵਿਕਾਸ ਗ੍ਰਾਂਟ ਕੀ ਹੈ ? 1

(ii) ਸਾਂਝੇਦਾਰੀ ਦਸਤਾਵੇਜ਼ ਕੀ ਹੈ ? 1

(iii) ਜਾਇਦਾਦ ਦੀ ਕੀਮਤ ਵਿੱਚ ਹੋਏ ਵਾਧੇ ਨੂੰ ................ ਪੁਨਰਮੁਲਾਂਕਣ ਦੇ ਖਾਤੇ ਵਿੱਚ ਦਰਸਾਇਆ ਜਾਂਦਾ ਹੈ । 1

(iv) ਸਾਂਝੇਦਾਰ ਦੀ ਰਿਟਾਇਰਮੈਂਟ ਕੀ ਹੈ ? 1

(v) ਫਰਮ ਖਤਮ ਹੋਣ ਸਮੇਂ ਪੂੰਜੀ ਖਾਤੇ ਵਿੱਚ ਬਚੀ ਬਾਕੀ ਰਾਸ਼ੀ ਨੂੰ ਤਬਦੀਲ ਕਰਾਂਗੇ :

(ੳ) ਬੈਂਕ ਖਾਤੇ ਵਿੱਚ (ਅ) ਵਸੂਲੀ ਖਾਤੇ ਵਿੱਚ

(ੲ) ਲਾਭ ਤੇ ਹਾਨੀ ਖਾਤੇ ਵਿੱਚ (ਸ) ਸਾਂਝੇਦਾਰਾਂ ਦੇ ਪੂੰਜੀ ਖਾਤੇ ਵਿੱਚ 1



www.a2zpapers.com www.a2zpapers.com
Download free old Question papers gndu, ptu hp board, punjab board

a2zpapers.com



(vi) ਖਿਲੀ ਸ਼ਾਖ ਕੀ ਹੈ ? 1

(vii) ਜਾਰੀ ਅੰਸ਼ ਪੂੰਜੀ ਕੀ ਹੈ ? 1

(viii) DRR ਕੀ ਹੈ ? 1

(ix) ਠੀਕ ਜਾਂ ਗਲਤ ਲਿਖੋ :

ਤਰਲ ਸੰਪੱਤੀਆਂ = ਚਾਲੂ ਸੰਪੱਤੀਆਂ – ਸਟਾਕ – ਪੇਸ਼ਗੀ ਖਰਚੇ । 1

(x) ਨਿਵੇਸ਼ ਗਤੀਵਿਧੀਆਂ ਤੋਂ ਕੀ ਭਾਵ ਹੈ ? 1

## ਭਾਗ–ਅ

2. ਦਾਨ ਕੀ ਹੈ ? 2

3. ਹੇਠ ਲਿਖੀ ਜਾਣਕਾਰੀ ਤੋਂ ਸਾਲ 2015-2016 ਦੌਰਾਨ ਪ੍ਰਾਪਤ ਕੀਤੀ ਗਈ ਕਮਿਸ਼ਨ ਦਾ ਲੇਖਾ ਜੋਖਾ ਦਿਓ :

| | 1 ਅਪ੍ਰੈਲ 2015 | 31 ਮਾਰਚ 2016 |
|---|---|---|
| ਪੇਸ਼ਗੀ ਲਈ ਪ੍ਰਾਪਤ ਕਮਿਸ਼ਨ | 60,000 | 40,000 |
| ਬਕਾਇਆ ਕਮਿਸ਼ਨ | 40,000 | 30,000 |

ਸਾਲ ਦੌਰਾਨ ਪ੍ਰਾਪਤ ਕਮਿਸ਼ਨ 2,00,000 ਰੁਪਏ । 2

4. ਸਾਂਝੇਦਾਰੀ ਸ਼ੁਰੂ ਕਰਨ ਲਈ ਕੀ ਮੂਲ ਜ਼ਰੂਰਤਾਂ ਹਨ ? 2

5. ਇੱਕ ਫਰਮ ਵਿੱਚ ਸੀਤਾ ਤੇ ਗੀਤਾ ਲਾਭ ਹਾਨੀ ਨੂੰ 5 : 3 ਦੇ ਅਨੁਪਾਤ ਵਿੱਚ ਵੰਡਦੀਆਂ ਹੋਈਆਂ ਸਾਂਝੇਦਾਰ ਹਨ । ਉਹਨਾਂ ਨੇ ਭਵਿੱਖ ਵਿੱਚ ਲਾਭ ਹਾਨੀ ਨੂੰ 2:3 ਦੇ ਅਨੁਪਾਤ ਵਿੱਚ ਵੰਡਣ ਦਾ ਫੈਸਲਾ ਕੀਤਾ । ਮੁਨਾਫਾ ਅਨੁਪਾਤ ਜਾਂ ਤਿਆਗ ਅਨੁਪਾਤ ਦੀ ਗਣਨਾ ਕਰੋ । 2

6. ਪੁਨਰ ਮੁਲਾਂਕਣ ਖਾਤਾ ਕੀ ਹੈ ? 2

7. ਜਨਰਲ ਇੰਦਰਾਜ ਕਰੋ :

(ੳ) ਫਰਮ ਦੇ ਵਸੂਲੀ ਖ਼ਰਚੇ 6,400 ਰੁਪਏ ਸਾਂਝੇਦਾਰ ਸ਼ਾਮ ਦੁਆਰਾ ਦਿੱਤੇ ਗਏ ।

(ਅ) ਅਲਿਖਤ ਸੰਪੱਤੀ ਤੋਂ 14,000 ਰੁਪਏ ਵਸੂਲੇ ਗਏ । 2

8. ਚਾਰਟਰਡ ਕੰਪਨੀ ਕੀ ਹੈ ? 2

9. "ਸਧਾਰਨ ਆਕਾਰ ਚਿੱਠਾ" ਕੀ ਹੁੰਦਾ ਹੈ ? 2

10. ਚਾਲੂ ਦੇਣਦਾਰੀਆਂ ਪਤਾ ਕਰੋ ਜਦੋਂ ਕਿ ਚਾਲੂ ਅਨੁਪਾਤ 2.5 : 1 ਅਤੇ ਚਾਲੂ ਸੰਪੱਤੀਆਂ 4,00,000 ਰੁਪਏ ਹਨ । 2

11. 5,80,000 ਰੁਪਏ ਦੀ ਲਾਗਤ ਵਾਲਾ ਪਲਾਂਟ ਤੇ ਸਚੇਤ ਘਸਾਈ 2,80,000 ਰੁਪਏ ਹੈ ਨੂੰ 1,40,000 ਰੁਪਏ ਵਿੱਚ ਵੇਚ ਦਿੱਤਾ । ਪਲਾਂਟ ਨੂੰ ਵੇਚਣ ਤੇ ਲਾਭ ਜਾਂ ਹਾਨੀ ਦੀ ਗਣਨਾ ਕਰੋ । 2



www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



## ਭਾਗ–ੲ

ਗਿਆਰਾਂ ਪ੍ਰਸ਼ਨਾਂ ਵਿੱਚੋਂ ਕੋਈ ਨੌਂ ਪ੍ਰਸ਼ਨ ਕਰੋ (ਪ੍ਰਸ਼ਨ ਨੰ: **12** ਤੋਂ ਪ੍ਰਸ਼ਨ ਨੰ: **22**) :

**12.** ਅਦਾਇਗੀ ਤੇ ਖਰਚ ਵਿੱਚ ਕੋਈ ਚਾਰ ਅੰਤਰ ਲਿਖੋ । 4

**13.** ਅੰਜੂ ਤੇ ਮੰਜੂ ਨੇ ਸਾਂਝੇਦਾਰੀ ਦਸਤਾਵੇਜ ਅਨੁਸਾਰ ਇੱਕ ਅਪ੍ਰੈਲ, 2015 ਨੂੰ 3,00,000 ਅਤੇ 2,40,000 ਦੀ ਪੂੰਜੀ ਨਾਲ ਸਾਂਝੇਦਾਰੀ ਵਪਾਰ ਸ਼ੁਰੂ ਕੀਤਾ । ਅੰਜੂ 6,000 ਰੁਪਏ ਪ੍ਰਤਿ ਮਹੀਨਾ ਤਨਖਾਹ ਦੀ ਹੱਕਦਾਰ ਹੈ ਤੇ ਸਾਂਝੇਦਾਰਾਂ ਦੀ ਪੂੰਜੀ ਤੇ 10% ਪ੍ਰਤੀ ਸਾਲ ਵਿਆਜ ਲਗਾਇਆ ਗਿਆ ਹੈ । ਅੰਜੂ ਤੇ ਮੰਜੂ ਨੂੰ 4 : 3 ਅਨੁਪਾਤ ਵਿੱਚ ਲਾਭ ਵੰਡਿਆ ਜਾਵੇਗਾ । 31 ਮਾਰਚ 2016 ਦੇ ਅੰਤ ਵਿੱਚ ਫ਼ਰਮ ਨੇ ਅੰਜੂ ਨੂੰ ਤਨਖਾਹ ਤੇ ਪੂੰਜੀ ਤੇ ਵਿਆਜ ਦੇਣ ਤੋਂ ਪਹਿਲਾਂ 1,96,000 ਰੁਪਏ ਲਾਭ ਬਣਾ ਲਿਆ ਹੈ । ਲਾਭ ਨੂੰ ਵੰਡਣ ਵਾਲਾ ਖਾਤਾ ਤਿਆਰ ਕਰੋ । 4

**14.** ਫ਼ਰਮ ਦਾ ਔਸਤ ਲਾਭ 6,40,000 ਰੁਪਏ ਹੈ । ਫ਼ਰਮ ਦੀਆਂ ਕੁੱਲ ਠੋਸ ਸੰਪੱਤੀਆਂ 60,00,000 ਰੁਪਏ ਤੇ ਬਾਹਰੀ ਦੇਣਦਾਰੀਆਂ 16,80,000 ਰੁਪਏ ਹਨ । ਉਸੇ ਤਰ੍ਹਾਂ ਦੇ ਵਪਾਰ ਵਿੱਚ ਲਗਾਈ ਗਈ ਪੂੰਜੀ ਤੇ ਲਾਭ ਦੀ ਸਾਧਾਰਨ ਦਰ 10% ਹੈ । ਸੁਪਰ ਲਾਭ ਵਿੱਧੀ ਦੇ ਪੂੰਜੀਕਰਨ ਅਨੁਸਾਰ ਸ਼ਾਖ ਦਾ ਪਤਾ ਕਰੋ । 4

**15.** ਲਾਭ-ਵੰਡ ਅਨੁਪਾਤ ਵਿੱਚ ਤਬਦੀਲੀ ਸਮੇਂ ਲੋੜੀਂਦੇ ਸਮਾਯੋਜਨ ਲਿਖੋ । 4

**16.** ਫ਼ਰਮ ਵਿੱਚ ਸਾਂਝੇਦਾਰ ਰਮੇਸ਼ 31 ਮਾਰਚ, 2009 ਨੂੰ ਰਿਟਾਇਰ ਹੋਇਆ । ਉਸਦੀ ਪੂੰਜੀ ਦਾ ਅੰਸ਼ ਤੇ ਸ਼ਾਖ 36,000 ਰੁਪਏ ਹੈ । ਇਹ ਫ਼ੈਸਲਾ ਕੀਤਾ ਗਿਆ ਕਿ ਬਕਾਇਆ ਰਕਮ ਨੂੰ 12,000 ਰੁਪਏ ਸਲਾਨਾਂ 5% ਸਲਾਨਾ ਦਰ ਨਾਲ਼ ਵਿਆਜ ਕਿਸ਼ਤਾਂ ਵਿੱਚ ਇਕੱਠਾ ਅਦਾ ਕੀਤਾ ਜਾਵੇਗਾ । ਪਹਿਲੀ ਕਿਸ਼ਤ 31 ਮਾਰਚ 2010 ਨੂੰ ਤੇ ਬਾਕੀ ਰਕਮ ਹਰੇਕ ਸਾਲ ਦੀ 31 ਮਾਰਚ ਨੂੰ ਦਿੱਤੀ ਜਾਵੇਗੀ । ਫ਼ਰਮ ਦੀਆਂ ਕਿਤਾਬਾਂ ਵਿੱਚ ਰਮੇਸ਼ ਦਾ ਕਰਜ਼ ਖਾਤਾ ਤਿਆਰ ਕਰੋ । 4

**17.** ਏ.ਬੀ.ਸੀ. ਇੱਕ ਫ਼ਰਮ ਵਿੱਚ ਲਾਭ ਨੂੰ ਕ੍ਰਮਵਾਰ 4 : 3 : 3 ਦੇ ਅਨੁਪਾਤ ਵਿੱਚ ਵੰਡਦੇ ਹੋਏ ਸਾਂਝੇਦਾਰ ਸਨ । ਇੱਕ ਅਪ੍ਰੈਲ 2015 ਨੂੰ ਉਹਨਾਂ ਨੇ ਫ਼ਰਮ ਦਾ ਅੰਤ ਕਰਨ ਦਾ ਫ਼ੈਸਲਾ ਕੀਤਾ । ਉਸੇ ਮਿਤੀ ਨੂੰ ਸੰਪੱਤੀਆ 3,48,460 ਰੁਪਏ ਸਨ । ਕੁੱਲ ਲੈਣਦਾਰ 46,300 ਰੁਪਏ ਅਤੇ ਹੱਥਲਾ ਰੋਕੜ 7,840 ਰੁਪਏ ਸੀ । ਸੰਪੱਤੀਆਂ ਦੀ ਵਸੂਲੀ 2,89,820 ਰੁਪਏ ਅਤੇ ਫ਼ਰਮ ਦੇ ਅੰਤ ਦੇ ਖ਼ਰਚੇ 3,720 ਰੁਪਏ ਸਨ । ਵਸੂਲੀ ਖਾਤਾ ਬਣਾਓ । 4

**18.** ਫ਼ਰਮ ਦਾ ਲਾਜ਼ਮੀ ਅੰਤ ਕੀ ਹੁੰਦਾ ਹੈ ? 4

**19.** ਰਿਜ਼ਰਵ ਪੂੰਜੀ ਅਤੇ ਪੂੰਜੀ ਰਿਜ਼ਰਵ ਵਿੱਚ ਕੋਈ ਚਾਰ ਅੰਤਰ ਲਿਖੋ । 4

**20.** ਰਾਮ ਲਿਮਟਿਡ ਨੇ 1,20,000, 10% ਰਿਣ-ਪੱਤਰ 100 ਰੁਪਏ ਪ੍ਰਤਿ ਰਿਣ-ਪੱਤਰ ਦੇ ਹਿਸਾਬ ਨਾਲ਼ ਸਮ ਮੁੱਲ ਉਪੱਰ ਜਾਰੀ ਕੀਤੇ ਅਤੇ ਪੰਜ ਸਾਲ ਬਾਅਦ ਸਮ-ਮੁੱਲ ਉਪੱਰ ਵਿਮੋਚਨ ਕਰਨਯੋਗ ਹੈ । ਅਦਾਇਗੀ ਇਸ ਤਰ੍ਹਾਂ ਹੈ ਕਿ ਬਿਨੈ-ਪੱਤਰ ਨਾਲ਼ 70 ਰੁਪਏ ਪ੍ਰਤਿ ਰਿਣ-ਪੱਤਰ ਅਤੇ ਅਲਾਟਮੈਂਟ ਉਪੱਰ ਬਾਕੀ ਦੀ ਧੰਨਰਾਸ਼ੀ । ਰਿਣ-ਪੱਤਰ ਸਾਰੇ ਸਬਸਕ੍ਰਾਇਬਡ ਹੋਏ ਤੇ ਸਮੇਂ ਸਿਰ ਪੂਰੀ ਧੰਨਰਾਸ਼ੀ ਪ੍ਰਾਪਤ ਕਰ ਲਈ ਗਈ । ਜਨਰਲ ਇੰਦਰਾਜ ਕਰੋ । 4



www.a2zpapers.com
www.a2zpapers.com www.a2zpapers.com
Download free old Question papers gndu, ptu hp board, punjab board

a2zpapers.com



**21.** 31 ਮਾਰਚ 2015, ਦੇ ਅੰਤ ਉੱਪਰ ਲਾਭ ਅਤੇ ਹਾਨੀ ਦਾ ਤੁਲਨਾਤਮਕ ਵਿਵਰਣ ਬਣਾਓ : 4

| | 31st ਮਾਰਚ, 2015 | 31 ਮਾਰਚ, 2014 |
|---|---|---|
| ਕਰਜਾਂ ਤੋਂ ਆਮਦਨ | ਖ਼ਪਤ ਕੀਤੀ ਗਈ ਸਮੱਗਰੀ ਦੀ ਲਾਗਤ ਦਾ 300% | ਖ਼ਪਤ ਕੀਤੀ ਗਈ ਸਮੱਗਰੀ ਕੀ ਲਾਗਤ ਦਾ 200% |
| ਖ਼ਪਤ ਕੀਤੀ ਗਈ ਸਮੱਗਰੀ ਦੀ ਲਾਗਤ | 36,00,000 ਰੁਪਏ | 30,00,000 ਰੁਪਏ |
| ਹੋਰ ਖ਼ਰਚੇ | ਖ਼ਪਤ ਕੀਤੀ ਗਈ ਸਮੱਗਰੀ ਦੀ ਲਾਗਤ ਦਾ 20% | ਖ਼ਪਤ ਕੀਤੀ ਗਈ ਸਮੱਗਰੀ ਦੀ ਲਾਗਤ ਦਾ 10% |
| ਕਰ | 50% | 50% |

**22.** ਰੋਕੜ ਪ੍ਰਵਾਹ ਵਿਵਰਣ ਦੇ ਕੋਈ ਚਾਰ ਉਦੇਸ਼ ਲਿਖੋ । 4

## ਭਾਗ–ਸ

**23.** ਪਹਿਲੇ ਸਾਲ 31 ਮਾਰਚ, 2016 ਦੇ ਅੰਤ ਉੱਪਰ ਇੱਕ ਕਲੱਬ ਦਾ ਪ੍ਰਾਪਤੀ ਅਦਾਇਗੀ ਖਾਤਾ ਹੇਠ ਲਿਖੇ ਅਨੁਸਾਰ ਹੈ । 6

ਪ੍ਰਾਪਤੀ ਅਦਾਇਗੀ ਖਾਤਾ

(31 ਮਾਰਚ, 2016 ਵਾਸਤੇ)

| ਪ੍ਰਾਪਤੀਆਂ | ਰਕਮ | ਅਦਾਇਗੀਆਂ | ਰਕਮ |
|---|---|---|---|
| To Subscriptions | 22,000 | By Salary | 4,400 |
| To Interest on Investments | 200 | By Rent | 2,200 |
| | | By Postage | 200 |
| | | By Telephone charges | 400 |
| | | By Printing and Stationary | 600 |
| | | By Furniture | 4,000 |
| | | By Investments | 8,000 |
| | | By Cash in hand | 200 |
| | | By Cash at Bank | 2,200 |
| | 22,200 | | 22,200 |

ਹੇਠ ਲਿਖੇ ਸਮਾਯੋਜਨ ਲੋੜੀਂਦੇ ਹਨ :

(i) ਬਕਾਇਆ ਤਨਖਾਹ 400 ਰੁਪਏ

(ii) ਲੈਣਯੋਗ ਚੰਦਾ 800 ਰੁਪਏ

(iii) ਫਰਨੀਚਰ ਤੇ ਘਿਸਾਈ ਦੀ ਦਰ 10%

(iv) ਬਕਾਇਆ ਕਿਰਾਇਆ 200 ਰੁਪਏ

ਆਮਦਨ ਖ਼ਰਚ ਖਾਤਾ ਅਤੇ ਅੰਤਿਮ ਚਿੱਠਾ ਤਿਆਰ ਕਰੋ ।

ਜਾਂ

ਸਾਂਝੇਦਾਰੀ ਦਸਤਾਵੇਜ਼ ਕੀ ਹੈ ? ਇਸ ਦਾ ਮਹੱਤਵ ਵਿਸਤਾਰ ਪੂਰਵਕ ਲਿਖੋ । 6



www.a2zpapers.com www.a2zpapers.com
Download free old Question papers gndu, ptu hp board, punjab board
www.a2zpapers.com

a2zpapers.com



24. ਰਾਮ, ਸ਼ਾਮ ਅਤੇ ਹਰਨਾਮ ਆਪਸ ਵਿਚ ਲਾਭ ਨੂੰ ਕ੍ਰਮਵਾਰ 3:1:1 ਅਨੁਪਾਤ ਨਾਲ਼ ਵੰਡਦੇ ਹੋਏ ਫ਼ਰਮ ਵਿਚ ਸਾਂਝੇਦਾਰ ਸਨ । ਉਹਨਾਂ ਦਾ ਅੰਤਿਮ ਚਿੱਠਾ ਹੇਠ ਅਨੁਸਾਰ ਸੀ : 6

ਅੰਤਿਮ ਚਿੱਠਾ (ਮਾਰਚ 31, 2016 ਨੂੰ)

| ਦੇਣਦਾਰੀਆਂ | ਰਕਮ | ਸੰਪਤੀਆਂ | ਰਕਮ |
|---|---|---|---|
| ਲੈਣਦਾਰ | 90,000 | ਬੈਂਕ | 31,000 |
| ਅਦਾਇਗੀਯੋਗ ਬਿਲ | 30,000 | ਦੇਣਦਾਰ 70,000 | |
| ਪੂੰਜੀ ਖਾਤੇ : | | (–) ਵਿਵਸਥਾ 2,000 | 68,000 |
| ਰਾਮ | 1,50,000 | ਸਟਾਕ | 80,000 |
| ਸ਼ਾਮ | 1,00,000 | ਇਮਾਰਤ | 2,70,000 |
| ਹਰਨਾਮ | 99,000 | ਲਾਭ ਅਤੇ ਹਾਨੀ ਖਾਤਾ | 20,000 |
| | 4,69,000 | | 4,69,000 |

ਸ਼ਾਮ ਹੇਠ ਲਿਖਿਆ ਸ਼ਰਤਾਂ ਤੇ ਸੇਵਾ ਮੁਕਤ ਹੋਈ

(i) ਇਮਾਰਤ ਦਾ ਮੁੱਲ 10% ਵਧਾਇਆ ਜਾਵੇਗਾ ।

(ii) 10,000 ਰੁਪਏ ਦੇ ਦੇਣਦਾਰ ਦਾ ਦਾਅਵਾ ਨਹੀਂ ਕੀਤਾ ਜਾਵੇਗਾ ।

(iii) ਬਕਾਇਆ ਖੜਾ ਰਿਪੈਅਰ; ਦਾ ਬਿਲ 2,000 ਰੁਪਏ ਹੈ ।

(iv) ਸ਼ੱਕੀ ਕਰਜਿਆ ਲਈ 10% ਦੀ ਵਿਵਸਥਾ ਦੇਣਦਾਰਾ ਉੱਪਰ ਬਣਾਈ ਜਾਵੇ ।

(v) ਸ਼ਾਖ ਦਾ ਮੁੱਲ 75,000 ਰੁਪਏ ਪਾਇਆ ਗਿਆ ।

(vi) ਸ਼ਾਮ ਨੂੰ 20,000 ਨਗਦ ਦਿੱਤੇ ਗਏ ਅਤੇ ਬਕਾਇਆ ਉਸਦੇ ਰਿਣ ਖਾਤੇ ਵਿਚ ਤਬਦੀਲ ਕੀਤਾ ਗਿਆ ।

ਪੁਨਰ-ਮੁਲਾਂਕਣ ਖਾਤਾ, ਸਾਂਝੇਦਾਰਾਂ ਦੇ ਪੂੰਜੀ ਖਾਤੇ ਅਤੇ ਅੰਤਿਮ ਚਿੱਠਾ ਤਿਆਰ ਕਰੋ ।

ਜਾਂ

X Y ਅਤੇ Z ਆਪਸ ਵਿਚ 3:2:1 ਦੇ ਅਨੁਪਾਤ ਨਾਲ਼ ਸਾਂਝੇਦਾਰ ਹਨ । ਉਹ ਭਵਿੱਖ ਵਿਚ ਲਾਭ ਨੂੰ 2:2:1 ਦੇ ਅਨੁਪਾਤ ਵਿੱਚ ਵੰਡਣ ਦਾ ਫੈਸਲਾ ਕਰਦੇ ਹਨ । ਮਾਰਚ 31, 2016 ਨੂੰ ਉਹਨਾਂ ਦਾ ਅੰਤਿਮ ਚਿੱਠਾ ਹੇਠ ਲਿਖੇ ਅਨੁਸਾਰ ਸੀ ।

| ਦੇਣਦਾਰੀਆਂ | ₹ | ਸੰਪੱਤੀਆਂ | ₹ |
|---|---|---|---|
| ਪੂੰਜੀ : | | ਬੈਂਕ ਵਿੱਚ ਰਕਮ | 50,000 |
| X | 1,00,000 | ਸਟਾਕ | 50,000 |
| Y | 80,000 | ਦੇਣਦਾਰ 50,000 | |
| Z | 40,000 | (–) ਵਿਵਸਥਾ 4,000 | 46,000 |
| ਸਧਾਰਨ ਰਿਜ਼ਰਵ | 60,000 | ਨਿਵੇਸ਼ | 54,000 |
| ਲੈਣਦਾਰ | 50,000 | ਮਸ਼ੀਨਰੀ | 1,00,000 |
| ਬਕਾਇਆ ਮਜ਼ਦੂਰੀ | 10,000 | ਸ਼ਾਖ | 40,000 |
| | 3,40,000 | | 3,40,000 |

ਇਸ ਦਿਨ ਹੇਠ ਲਿਖੇ ਪੁਨਰ-ਮੁਲਾਂਕਣ ਕੀਤੇ ਗਏ :

(i) ਸਟਾਕ ਵਿੱਚ ਵਾਧਾ 20%;



www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board

a2zpapers.com



(ii) ਡੁਬਤ ਰਿਣ ਲਈ ਵਿਵਸਥਾ ਵਿੱਚ 1,000 ਰੁਪਏ ਦੀ ਕਮੀ ;

(iii) ਨਿਵੇਸ਼ ਦਾ ਮੁੱਲ 62,000 ਰੁਪਏ ਪਾਇਆ

(iv) ਅਣਦਰਜ ਮਜ਼ਦੂਰੀ 3,000 ਰੁਪਏ ;

(v) ਸ਼ਾਖ ਵਿੱਚ 15% ਦਾ ਵਾਧਾ ਕੀਤਾ ਗਿਆ

ਸਾਂਝੇਦਾਰ ਸਧਾਰਣ ਰਿਜ਼ਰਵ ਖਾਤੇ ਨੂੰ ਬੰਦ ਨਾ ਕਰਨ ਦਾ ਫੈਸਲਾ ਕਰਦੇ ਹਨ ਪ੍ਰੰਤੂ ਹੋਰ ਅੰਕੜਿਆਂ ਨੂੰ ਬਦਲਣ ਤੇ ਸਹਿਮਤ ਹੁੰਦੇ ਹਨ ।

ਪੁਨਰ-ਮੁਲਾਂਕਣ ਖਾਤਾ ਅਤੇ ਸੰਸ਼ੋਧਤ ਅੰਤਿਮ ਚਿੱਠਾ ਤਿਆਰ ਕਰੋ ।

25. ਗੁਪਤਾ ਲਿਮਟਿਡ ਨੇ ਪ੍ਰਾਸਪੈਕਟਸ ਜਾਰੀ ਕਰਕੇ 10 ਰੁਪਏ ਵਾਲੇ 35,000 ਅੰਸ਼ ਦੇ ਬਿਨੈ-ਪੱਤਰ ਨਿਮਨ ਅਨੁਸਾਰ ਅਦਾਇਗੀਯੋਗ ਮੰਗੇ : 6

| | |
|---|---|
| ਬਿਨੈ-ਪੱਤਰ ਉੱਪਰ | ₹ 5 ਪ੍ਰਤੀ ਅੰਸ਼ |
| ਅਲਾਟਮੈਂਟ ਉੱਪਰ | ₹ 3 ਪ੍ਰਤੀ ਅੰਸ਼ |
| ਪਹਿਲੀ ਅਤੇ ਅਖ਼ੀਰਲੀ ਮੰਗ ਉੱਪਰ | ਬਕਾਇਆ |

ਬਿਨੈ ਪੱਤਰ 50,000 ਅੰਸ਼ਾਂ ਲਈ ਪ੍ਰਾਪਤ ਹੋਏ ਅਤੇ ਸੰਚਾਲਕਾਂ ਨੇ ਬਿਨੈ-ਪੱਤਰ ਸੰਬੰਧੀ ਇਸ ਤਰ੍ਹਾਂ ਫੈਸਲਾ ਕੀਤਾ :

(i) 8,000 ਅੰਸ਼ਾਂ ਦੇ ਬਿਨੈਕਾਰਾਂ ਨੂੰ ਅਲਾਟਮੈਂਟ ਕਰਨ ਤੋਂ ਇਨਕਾਰ ਕਰ ਦਿੱਤਾ ।

(ii) ਬਾਕੀ ਬਚਦੇ ਅੰਸ਼ ਬਾਕੀ ਬਿਨੈਕਾਰਾਂ ਵਿੱਚ ਅਨੁਪਾਤਕ ਢੰਗ ਨਾਲ਼ ਅਲਾਟਮੈਂਟ ਕੀਤੇ ਗਏ ।

(iii) ਜਿਆਦਾ ਪ੍ਰਾਪਤ ਬਿਨੈ-ਪੱਤਰ ਧੰਨ ਰਾਸ਼ੀ ਨੂੰ ਅਲਾਟਮੈਂਟ ਪ੍ਰਤੀ ਸਮਾਯੋਜਿਤ ਕੀਤਾ ਗਿਆ ।

ਗਗਨ ਜਿਸ ਨੇ 600 ਅੰਸ਼ਾਂ ਲਈ ਬਿਨੈ ਪੱਤਰ ਦਿੱਤਾ ਸੀ ਅਲਾਟਮੈਂਟ ਅਤੇ ਪਹਿਲੀ ਤੇ ਅਖ਼ੀਰਲੀ ਮੰਗ ਰਕਮ ਦੇਣ ਤੋਂ ਅਸਫਲ ਹੋ ਗਿਆ । ਉਸ ਦੇ ਅੰਸ਼ ਜ਼ਬਦ ਕਰ ਲਏ ਗਏ ।

ਰਾਖੀ, ਜਿਸ ਨੂੰ 400 ਅੰਸ਼ ਅਲਾਟ ਕੀਤੇ ਸਨ ਪਹਿਲੀ ਅਤੇ ਅਖ਼ੀਰਲੀ ਮੰਗ ਰਕਮ ਦੇਣ ਤੋਂ ਅਸਫਲ ਹੋ ਗਈ । ਇਸ ਲਈ ਉਸ ਦੇ ਅੰਸ਼ ਜਬਤ ਕਰ ਲਏ ਗਏ ।

ਇਹਨਾਂ ਜਬਤ ਕੀਤੇ ਅੰਸ਼ਾਂ ਵਿਚੋਂ 800 ਅੰਸ਼ ਊਸ਼ਾ ਨੂੰ ਪੂਰਨ ਅਦਾ ਕੀਤੇ 15 ਰੁਪਏ ਪ੍ਰਤੀ ਅੰਸ਼ ਦੇ ਹਿਸਾਬ ਨਾਲ਼ ਮੁੜ ਜਾਰੀ ਕਰ ਦਿੱਤੇ । ਇਹਨਾਂ ਵਿੱਚ ਰਾਖੀ ਦੇ ਜਬਤ ਕੀਤੇ ਸਾਰੇ ਅੰਸ਼ ਸ਼ਾਮਲ ਹਨ ।

ਬਿਨੈ-ਪੱਤਰਾਂ ਦੀ ਰਕਮ ਦੀ ਪ੍ਰਾਪਤੀ ਤੋਂ ਲੈ ਕੇ ਜ਼ਬਤ ਕੀਤੇ ਅੰਸ਼ ਮੁੜ ਜਾਰੀ ਕਰਨ ਤੱਕ ਦੇ ਉਪਰੋਕਤ ਲੈਣ-ਦੇਣ ਦੇ ਜਰਨਲ ਇੰਦਰਾਜ ਕਰੋ ।

ਜਾਂ

ਸਾਂਝੇਦਾਰੀ ਦਾ ਅੰਤ ਅਤੇ ਸਾਂਝੇਦਾਰੀ ਫ਼ਰਮ ਦਾ ਅੰਤ ਵਿੱਚ ਅੰਤਰ ਲਿਖੋ । 6



www.a2zpapers.com www.a2zpapers.com
Download free old Question papers gndu, ptu hp board, punjab board
www.a2zpapers.com

a2zpapers.com



**26.** ਨਿਮਨ ਜਾਣਕਾਰੀ ਤੋਂ ਰੋਕੜ ਪ੍ਰਵਾਹ ਵਿਵਰਣ ਤਿਆਰ ਕਰੋ : 6

| ਇਕਵਿਟੀ ਅਤੇ ਦੇਣਦਾਰੀਆਂ | 31.03.2015 | 31.03.2016 |
|---|---|---|
| ਸਧਾਰਣ ਅੰਸ਼ ਪੂੰਜੀ | 4,00,000 | 4,00,000 |
| ਆਮ ਰਿਜ਼ਰਵ | ............ | 48,000 |
| ਲਾਭ ਹਾਨੀ ਖਾਤਾ | (16,000) | 1,20,000 |
| 12% ਕਰਜ਼ਾ-ਪੱਤਰ | 2,00,000 | 2,70,000 |
| ਵਿਵਿਧ ਲੈਣਦਾਰ | 1,24,000 | 1,36,000 |
| | 7,08,000 | 9,74,000 |
| **ਸੰਪਤੀਆਂ** | **31.03.2015** | **31.03.2016** |
| ਮਸ਼ੀਨਰੀ | 3,20,000 | 2,90,000 |
| ਸਚੇਤ ਘਿਸਾਈ | 60,000 | 50,000 |
| | 2,60,000 | 2,40,000 |
| ਸਟਾਕ | 1,60,000 | 1,22,000 |
| ਵਿਵਿਧ ਦੇਣਦਾਰ | 58,000 | 80,000 |
| ਮੁਦਰਾ ਬਜ਼ਾਰ | 30,000 | 44,000 |
| ਹੱਥ ਵਿੱਚ ਰੋਕੜ | 2,00,000 | 4,88,000 |
| | 7,08,000 | 9,74,000 |

ਹੋਰ ਜਾਣਕਾਰੀ :

(i) ਕਰਜ਼ਾ-ਪੱਤਰ ਤੇ ਵਿਆਜ 28,200 ₹ ਦਿੱਤਾ ਗਿਆ ।

(ii) ਸਾਲ ਦੌਰਾਨ 40,000 ₹ ਲਾਭਾਂਸ਼ ਦਿੱਤਾ ਗਿਆ ।

(iii) 80,000 ₹ ਦੀ ਲਾਗਤ ਵਾਲੀ ਮਸ਼ੀਨਰੀ (ਇਸ ਉਪਰ ਸਚੇਤ ਘਸਾਈ 36,000 ₹) 10,000 ₹ ਵਿੱਚ ਵੇਚ ਦਿੱਤੀ ਗਈ ।

ਜਾਂ

| | | | |
|---|---|---|---|
| ਸ਼ੁਧ ਵਿਕਰੀ | 1,80,00,000 | ਇਕਊਟੀ | 30,00,000 |
| ਵੇਚੀਆਂ ਗਈਆਂ ਵਸਤੂਆਂ ਦੀ ਲਾਗਤ | 1,20,00,000 | ਕਰਜ਼ ਪੱਤਰ | 15,00,000 |
| ਚਾਲੂ ਸੰਪਤੀਆਂ | 36,00,000 | ਕਰਜ਼ | 7,50,000 |
| ਚਾਲੂ ਦੇਣਦਾਰੀਆਂ | 12,00,000 | | |

ਗਿਆਤ ਕਰੋ :

(i) ਕੁੱਲ ਲਾਭ ਅਨੁਪਾਤ

(ii) ਕਾਰਜਸ਼ੀਲ ਪੂੰਜੀ ਆਵਰਤ ਅਨੁਪਾਤ

(iii) ਕਰਜ਼ਾ ਸਮਤਾ ਅਨੁਪਾਤ । 6



www.a2zpapers.com
www.a2zpapers.com
www.a2zpapers.com
Download free old Question papers gndu, ptu hp board, punjab board